**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਵਿੱਦਿਆ ਭਵਨ,**
**ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ**
0172-5212318, 5212332, ssapunjab.mis@gmail.com

ਵੱਲ :

**ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ**
**ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ**
**ਸਮੂਹ ਸਕੂਲ ਮੁੱਖੀ, ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ, ਪੰਜਾਬ**

ਮੀਮੋ ਨੰ :- ਸਸਅ/2016/ਐਮ.ਆਈ.ਐਸ./ਈਪੰਜਾਬਸਕੂਲ/201615349
ਮਿਤੀ : ਚੰਡੀਗੜ੍ਹ 25 ਅਕਤੂਬਰ, 2016

**ਵਿਸ਼ਾ : ਵਿਦਿਆਰਥੀਆਂ ਦੇ ਆਨਲਾਈਨ ਮੁਲਾਂਕਣ ਸਬੰਧੀ।**

ਸਿੱਖਿਆ ਵਿਭਾਗ ਵਲੋਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਪੜ੍ਹਾਈ ਦੇ ਮਿਆਰ ਦੀ ਗੁਣਵੱਤਾ ਦੀ ਜਾਂਚ ਲਈ ਵਿਦਿਆਰਥੀਆਂ ਦਾ ਆਨਲਾਈਨ ਮੁਲਾਂਕਣ ਕਰਨ ਦਾ ਫੈਸਲਾ ਕੀਤਾ ਗਿਆ ਹੈ। ਵਿਦਿਆਰਥੀਆਂ ਦੇ ਮੁਲਾਂਕਣ ਲਈ ਇੱਕ ਸਾਫਟਵੇਅਰ ਤਿਆਰ ਕੀਤਾ ਗਿਆ ਹੈ ਜਿਸ ਨੂੰ ਸਿੱਖਿਆ ਵਿਭਾਗ ਦੇ ਮੌਜੂਦਾ ਆਨਲਾਈਨ ਪੋਰਟਲ www.epunjabschool.gov.in ਨਾਲ ਜੋੜਿਆ ਗਿਆ ਹੈ। ਇਸ ਮਹੀਨੇ ਦਾ ਮੁਲਾਂਕਣ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ :-

| ਮਿਤੀ | ਜਮਾਤ | ਵਿਸ਼ਾ | ਸਮਾਂ |
|---|---|---|---|
| 27-10-2016 | 9ਵੀਂ | ਅੰਗਰੇਜੀ | ਸਵੇਰੇ 10:30 ਤੋਂ 11:30 |
| 28-10-2016 | 10ਵੀਂ | ਸਾਇੰਸ | ਸਵੇਰੇ 10:30 ਤੋਂ 11:30 |

ਅਕਤੂਬਰ ਮਹੀਨੇ ਦੌਰਾਨ ਸਿਰਫ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ 9ਵੀਂ ਅਤੇ 10ਵੀਂ ਜਮਾਤ ਦੇ ਵਿਦਿਆਰਥੀਆਂ ਦਾ ਹੀ ਆਨਲਾਈਨ ਮੁਲਾਂਕਣ ਕੀਤਾ ਜਾਵੇਗਾ। ਹਰੇਕ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਵਲੋਂ ਆਪਣੇ ਸਕੂਲ ਵਿਚ ਮੌਜੂਦਾ ਕੰਪਿਊਟਰਾਂ ਦੀ ਸੰਖਿਆ ਦੇ ਬਰਾਬਰ ਵਿਦਿਆਰਥੀਆਂ ਨੂੰ ਆਨਲਾਈਨ ਪੋਰਟਲ ਉੱਤੇ ਰਜਿਸਟਰ ਕੀਤਾ ਜਾਵੇਗਾ। ਭਾਵ ਜੇਕਰ ਕਿਸੇ ਸਕੂਲ ਵਿਚ 25 ਚੱਲਦੇ ਕੰਪਿਊਟਰ ਹਨ ਤਾਂ 9ਵੀਂ ਦੇ 25 ਅਤੇ 10ਵੀਂ ਦੇ 25 ਵਿਦਿਆਰਥੀਆਂ ਨੂੰ ਆਨਲਾਈਨ ਮੁਲਾਂਕਣ ਲਈ ਰਜਿਸਟਰ ਕੀਤਾ ਜਾਵੇਗਾ।

ਸਕੂਲ ਵਲੋਂ ਪਹਿਲਾਂ epunjabschool.gov.in ਪੋਰਟਲ ਉੱਤੇ ਲੱਗੇ ਬਟਨ "Online Student Evaluation" ਉੱਤੇ ਕਲਿਕ ਕਰਕੇ ਸਕੂਲ ਦੇ ਅਕਾਊਂਟ ਵਿਚ ਲਾਗਇਨ ਕੀਤਾ ਜਾਵੇਗਾ। ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਲਈ Dashboard ਉੱਤੇ ਲੱਗੇ ਲਿੰਕ "Register Students for Online Evaluation" ਉੱਤੇ ਕਲਿੱਕ ਕਰਕੇ ਉਨ੍ਹਾਂ ਵਿਦਿਆਰਥੀਆਂ ਦੀ ਚੋਣ ਕੀਤੀ ਜਾਵੇ ਜਿਨ੍ਹਾਂ ਵਲੋਂ ਆਨਲਾਈਨ ਮੁਲਾਂਕਣ ਵਿਚ ਭਾਗ ਲਿਆ ਜਾਵੇਗਾ। ਵਿਦਿਆਰਥੀਆਂ ਦੇ Login ID ਜਨਰੇਟ ਕਰਨ ਲਈ Dashboard ਉੱਤੇ ਲੱਗੇ ਲਿੰਕ "Generate Students IDs for Online Evaluation" ਉੱਤੇ ਕਲਿੱਕ ਕੀਤਾ ਜਾਵੇ।

ਆਨਲਾਈਨ ਮੁਲਾਂਕਣ ਸਮੇਂ ਵਿਦਿਆਰਥੀ ਕੋਲ ਸਕੂਲ ਦਾ Login ID (ਪਾਸਵਰਡ ਵਿਦਿਆਰਥੀ ਨੂੰ ਦੱਸਣ ਦੀ ਜਰੂਰਤ ਨਹੀਂ ਹੈ) ਅਤੇ ਵਿਦਿਆਰਥੀ ਦਾ Student ID ਹੋਣਾ ਜਰੂਰੀ ਹੈ। ਆਨਲਾਈਨ ਪੋਰਟਲ ਉੱਤੇ ਵਿਦਿਆਰਥੀ ਮੁਲਾਂਕਣ ਵਾਲੇ ਦਿਨ ਨਿਰਧਾਰਿਤ ਸਮੇਂ ਤੋਂ 15 ਮਿੰਟ ਪਹਿਲਾਂ ਲਾਗਇਨ ਕਰ ਸਕਣਗੇ।

**ਆਨਲਾਈਨ ਮੁਲਾਂਕਣ ਵਿਚ ਹਰ ਸਕੂਲ ਦਾ ਭਾਗ ਲੈਣਾ ਲਾਜ਼ਮੀ ਹੈ।**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**